## ਮੈਂ ਹੇਟ ਕਰਾਈਮ ਨੂੰ ਕਿਵੇਂ ਰਿਪੋਰਟ ਕਰਾਂ?

ਹਰੇਕ ਕਾਲ ਜ਼ਰੂਰੀ ਹੈ, ਪਰ ਸਾਰੀਆਂ ਕਾਲਾਂ ਜਾਨ-ਲੇਵਾ ਨਹੀਂ ਹੁੰਦੀਆਂ, ਅਤੇ ਨਾ ਹੀ ਸਾਰੀਆਂ ਕਾਲਾਂ ਪੁਲੀਸ ਲਈ ਹੰਗਾਮੀ ਹੁੰਦੀਆਂ ਹਨ। ਜੋ ਵੀ ਹਾਲਾਤ ਹੋਣ, ਅਸੀਂ ਇਥੇ ਮਦਦ ਲਈ ਹਾਜ਼ਰ ਹਾਂ। ਤੁਹਾਡੀ ਜ਼ਿਮੇਵਾਰੀ ਹੈ: "ਸਹੀ ਕਾਲ ਕਰੋ।"

**9-1-1** ਜਾਨ-ਲੇਵਾ ਹੰਗਾਮੀ ਹਾਲਤ ਜਾਂ ਅਪਰਾਧ ਹੋ ਰਿਹਾ ਹੋਵੇ

| | |
|---|---|
| ਗੈਰ-ਹੰਗਾਮੀ ਕਾਲਾਂ: | 780-423-4567 |
| ਟੀ ਟੀ ਵਾਈ / ਟੀ ਟੀ ਡੀ: | 780-425-1231 |
| ਟੈਲੱਸ ਮੋਬੀਲਿਟੀ: | #377 |
| ਰੋਜਰਜ਼: | *377 |

ਕਰਾਈਮ ਸਟੌਪਰਜ਼ **1-800-222-TIPS (8477)**। ਜਾਣਕਾਰੀ ਔਨਲਾਈਨ **www.tipsubmit.com** 'ਤੇ ਵੀ ਦਿੱਤੀ ਜਾ ਸਕਦੀ ਹੈ।

## ਮੈਂ ਜਾਣਕਾਰੀ ਲਈ ਕਿਸ ਨੂੰ ਕਾਲ ਕਰ ਸਕਦਾ ਹਾਂ?

**ਐਡਮੰਟਨ ਪੁਲੀਸ ਸਾਧਨ**

| | |
|---|---|
| ਹੇਟ ਕਰਾਈਮ ਕਮੀਊਨਟੀ ਲਾਈਨ | 780-421-3489 |

**ਵਿਕਟਿਮ ਸਰਵਿਸਿਜ਼ ਯੂਨਿਟ**

**ਡਿਵੀਜ਼ਨ**

| | |
|---|---|
| ਉੱਤਰ | 780-426-8160 |
| ਦੱਖਣਪੂਰਬ | 780-426-8260 |
| ਪੱਛਮ | 780-426-8060 |
| ਡਾਊਨਟਾਊਨ | 780-421-2760 |
| ਦੱਖਣਪੱਛਮ | 780-426-8363 |

**ਚੀਫ ਦੀ ਐਡਵਾਈਜ਼ਰੀ ਕੌਂਸਲ ਅੱਠ ਵੱਖ-ਵੱਖ ਕਮੀਊਨਟੀ ਲਿਆਈਜ਼ਨ ਕਮੇਟੀਆਂ ਮਿਲ ਕੇ ਬਣੀ ਹੈ, ਜਿਨਹਾਂ ਵਿੱਚ:** ਆਦਿਵਾਸੀ, ਏਸ਼ੀਅਨ, ਕਾਲੇ, ਭਾਰਤੀ ਕੈਨੇਡੀਅਨ, ਯਹੂਦੀ, ਮੁਸਲਮਾਨ, ਅਫਰੀਕਨ ਕੈਨੇਡੀਅਨ, ਅਤੇ ਸਮਲਿੰਗੀ ਇਸਤਰੀ, ਸਮਲਿੰਗੀ ਪੁਰਸ਼, ਦੋ ਲਿੰਗੀ, ਪਛਾਣ ਤੋਂ ਪਰੇ, ਦੋਹਰੇ ਵਿਚਾਰਾਂ ਵਾਲੇ, ਅਤੇ ਸਨਕੀ ਸ਼ਾਮਲ ਹਨ।

www.edmontonpolice.ca/AboutEPS/CommunityInitiatives/ChiefsCAC.aspx

**ਪਰਾਂਤਕ ਸਾਧਨ**

| | |
|---|---|
| ਅਲਬਰਟਾ ਮਾਨਵ ਅਧਿਕਾਰ ਕਮਿਸ਼ਨ ਗੁਪਤ ਪੁੱਛ-ਗਿੱਛ ਲਾਈਨ | 780-427-7661 |

**ਸੰਘੀ ਸਾਧਨ**

ਕੈਨੇਡੀਅਨ ਮਾਨਵ ਅਧਿਕਾਰ ਕਮਿਸ਼ਨ

| | |
|---|---|
| ਮੁਫਤ: | 1-800-999-6899 |

Language: Punjabi

## ਹੇਟ ਕਰਾਈਮ ਕੀ ਹੁੰਦਾ ਹੈ?

**ਹੇਟ ਕਰਾਈਮ ਇੱਕ ਫੌਜਦਾਰੀ ਅਪਰਾਧ ਹੈ ਜਿਹੜਾ ਜਾਤ, ਕੌਮ ਜਾਂ ਨਸਲੀ ਮੂਲ, ਬੋਲੀ, ਰੰਗ, ਧਰਮ, ਲਿੰਗ, ਉਮਰ, ਮਾਨਸਕ ਜਾਂ ਸਰੀਰਕ ਅਯੋਗਤਾ, ਲਿੰਗੀ ਧਾਰਨਾ, ਜਾਂ ਇਹੋ ਜਿਹੇ ਕਿਸੇ ਹੋਰ ਪੱਖ ਤੇ ਆਧਾਰਤ ਨਫਰਤ/ਪੱਖਪਾਤ ਜਾਂ ਵਿਰੋਧ ਨਾਲ ਪਰੇਰਤ ਹੋਕੇ ਕਿਸੇ ਵਿਅਕਤੀ ਜਾਂ ਸੰਪੱਤੀ ਦੇ ਖਿਲਾਫ ਕੀਤਾ ਜਾਂਦਾ ਹੈ।**



# ਐਡਮੰਟਨ ਨੂੰ ਨਫਰਤ ਰਹਿਤ ਸ਼ਹਿਰ ਬਣਾਉਣ ਵਿੱਚ ਮਦਦ ਕਰਨਾ

### ਹੇਟ ਕਰਾਈਮ ਯੂਨਿਟ



# ਐਡਮੰਟਨ ਨੂੰ ਨਫਰਤ ਰਹਿਤ ਸ਼ਹਿਰ ਬਣਾਉਣ ਵਿੱਚ ਮਦਦ ਕਰਨਾ

ਹੇਟ ਕਰਾਈਮ ਯੂਨਿਟ

## ਸਾਡੇ ਹੇਟ ਕਰਾਈਮ ਕਨੂੰਨ ਕਿਉਂ ਹਨ?

ਨਫਰਤ ਅਤੇ ਪੱਖਪਾਤ ਦੇ ਅਪਰਾਧਾਂ ਦਾ ਅਸਰ, ਸ਼ਿਕਾਰ ਵਿਅਕਤੀ ਨੂੰ ਸ਼ਰੀਰਕ ਅਤੇ ਭਾਵਾਤਮਕ ਸਦਮੇ ਤੋਂ ਵਧੇਰੇ ਦੂਰਗਾਮੀ ਹੁੰਦਾ ਹੈ। ਅਜੇਹੇ ਅਪਰਾਧ ਸ਼ਿਕਾਰ ਵਿਅਕਤੀ ਦੀ ਜਮਾਤ ਦੇ ਇਕਲਾਪੇ ਅਤੇ ਨਿਰਬਲਤਾ ਨੂੰ ਵਧਾ ਸਕਦੇ ਹਨ ਅਤੇ ਕਮੀਊਨਟੀ ਦੇ ਸਾਰੇ ਸਦੱਸਾਂ ਲਈ ਤਣਾ ਪੈਦਾ ਕਰ ਸਕਦੇ ਹਨ। ਜੇ ਨਾ ਰੋਕੇ ਜਾਣ, ਤਾਂ ਇਹ ਅਪਰਾਧ ਵਖਰੀਆਂ ਜਮਾਤਾਂ ਦੇ ਦਰਮਿਆਨ ਸਮਾਜਕ ਤਣਾਵਾਂ ਵਿੱਚ ਵਾਧਾ ਪੈਦਾ ਕਰਕੇ ਕਮੀਊਨਟੀਆਂ ਨੂੰ ਤਬਾਹ ਕਰ ਸਕਦੇ ਹਨ, ਤੇ ਇਸ ਤਰ੍ਹਾਂ ਸਾਡੇ ਸਮਾਜ ਦੇ ਨਫਰਤ ਅਤੇ ਕੱਟੜਪੁਣਾ ਫੈਲਾਉਣ ਵਾਲਿਆਂ ਦੇ ਉਦੇਸ਼ਾਂ ਅਤੇ ਮਨੋਰਥਾਂ ਨੂੰ ਅੱਗੇ ਵਧਾਉਂਦੇ ਹਨ।

## ਜੇਕਰ ਮੇਰੀ ਘਟਨਾ ਅਪਰਾਧ ਨਾਲ ਸਬੰਧਤ ਨਹੀਂ ਹੈ ਤਾਂ?

ਘਟਨਾਵਾਂ ਜਿਵੇਂ ਕਿ ਕੰਮ ਦੀ ਥਾਂ ਜਾਂ ਸਕੂਲ 'ਚ ਪਰੇਸ਼ਾਨ ਕਰਨਾ, ਤੁਹਾਡੀ ਪਛਾਣ ਦੀ ਵਜ੍ਹਾ ਨਾਲ ਕੁਝ ਕੰਪਨੀਆਂ ਜਾਂ ਮਕਾਨ-ਮਾਲਕਾਂ ਦਾ ਸੇਵਾ ਪ੍ਰਦਾਨ ਕਰਨ ਤੋਂ ਮਨਾ ਕਰਨ ਨੂੰ ਟਾਲਣਾ ਨਹੀਂ ਚਾਹੀਦਾ। ਤੁਹਾਡੇ ਕੋਲ ਉਪਾਅ ਹੋ ਸਕਦਾ ਹੈ। ਮਾਨਵ ਅਧਿਕਾਰ ਕਮਿਸ਼ਨ ਅਤੇ ਸੰਸਥਾਵਾਂ ਦੀਆਂ ਅੰਦਰੂਨੀ ਨੀਤੀਆਂ ਦੀ ਅਕਸਰ ਉਪੇਖਿਆ ਕੀਤੀ ਜਾਂਦੀ ਹੈ ਅਤੇ ਇਸ ਤੋਂ ਪਹਿਲਾਂ ਕਿ ਮੁੱਦੇ ਅਪਰਾਧੀ ਕਿਸਮ ਦੇ ਬਣ ਜਾਣ ਇਹਨਾਂ ਨੂੰ ਸੁਲਝਾਉਣ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਨ।

## ਹੇਟ ਕਰਾਈਮ ਦੇ ਸ਼ਿਕਾਰ ਵਿਅਕਤੀ ਰਿਪੋਰਟ ਕਰਨ ਤੋਂ ਝਿਜਕਦੇ ਕਿਉਂ ਹਨ?

ਸ਼ਿਕਾਰ ਵਿਅਕਤੀ ਰਿਪੋਰਟ ਕਰਨ ਤੋਂ ਅਕਸਰ ਇਸ ਲਈ ਝਿਜਕਦੇ ਹਨ:

- ਦੁਬਾਰਾ ਸ਼ਿਕਾਰ ਬਣਨ ਜਾਂ ਬਦਲਾ ਲਏ ਜਾਣ ਦਾ ਡਰ;
- ਨਿੱਜੀ ਭੇਦਾਂ ਦੇ ਖੁਲ੍ਹ ਜਾਣ ਦਾ ਡਰ;
- ਕਨੂੰਨ ਲਾਗੂ ਕਰਨ ਵਾਲੀ ਸੰਸਥਾ ਅਤੇ ਉਸਦੀ ਪ੍ਰਤੀਕਿਰਿਆ ਦਾ ਡਰ;
- ਸਭਿਆਚਾਰ ਅਤੇ ਬੋਲੀ ਦੀਆਂ ਅੜਚਨਾਂ; ਜਾਂ
- ਆਵਾਸੀ ਅਮਲੇ ਦਾ ਡਰ।

## ਮੈਂ ਰਿਪੋਰਟ ਕਰਨ ਦੀ ਖੇਚਲ ਕਿਉਂ ਕਰਾਂ?

ਹੇਟ ਕਰਾਈਮਾਂ ਦੀ ਰੀਪੋਰਟ ਕਰਨਾ ਨਫਰਤ ਦੇ ਚੱਕਰ ਨੂੰ ਰੋਕਣ ਅਤੇ ਹੋਰਾਂ ਨੂੰ ਸ਼ਿਕਾਰ ਹੋਣ ਤੋਂ ਬਚਾਉਣ ਲਈ ਇੱਕ ਮਹੱਤਵਪੂਰਣ ਕਦਮ ਹੈ। ਪੁਲੀਸ ਲਈ ਵੀ ਹੇਟ ਕਰਾਈਮਾਂ ਬਾਰੇ ਜਾਣੂ ਹੋਣਾ ਜ਼ਰੂਰੀ ਹੈ ਤਾਂਕਿ ਆਪਣੀ ਕਮੀਊਨਟੀ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਢੁਕਵੀਂ ਕਾਰਵਾਈ ਕਰਨ, ਢੁਕਵੇਂ ਸਾਧਨਾਂ ਨੂੰ ਨਿਰਧਾਰਤ ਕਰਨ ਸਮੇਤ, ਨੂੰ ਯਕੀਨੀ ਬਣਾਉਣ ਲਈ ਵਿਸ਼ਲੇਸ਼ਣ ਕੀਤਾ ਜਾ ਸਕੇ।

## ਜਦੋਂ ਮੈਂ ਪੁਲੀਸ ਨਾਲ ਗੱਲ ਕਰਦਾ ਹਾਂ ਓਦੋਂ ਕੀ ਹੁੰਦਾ ਹੈ?

ਕਾਲ ਲੈਣ ਵਾਲਾ ਤੁਹਾਡੇ ਬਾਰੇ ਬੁਨਿਆਦੀ ਜਾਣਕਾਰੀ ਜਿਵੇਂ ਕਿ ਤੁਹਾਡਾ ਨਾਂ, ਪਤਾ, ਜਨਮ ਦੀ ਤਾਰੀਖ ਅਤੇ ਤੁਹਾਡੇ ਨਾਲ ਸੰਪਰਕ ਕਰਨ ਦੇ ਸਭ ਤੋਂ ਵਧੀਆ ਤਰੀਕੇ ਬਾਰੇ ਤੁਹਾਨੂੰ ਪੁੱਛੇਗਾ। ਰੀਪੋਰਟ ਤਿਆਰ ਕੀਤੀ ਜਾਵੇਗੀ ਤੇ ਤਫਤੀਸ਼ ਲਈ ਹੇਟ ਕਰਾਈਮ ਯੁਨਿਟ ਨੂੰ ਭੇਜ ਦਿੱਤੀ ਜਾਵੇਗੀ। ਹੇਟ ਕਰਾਈਮ ਯੁਨਿਟ ਦਾ ਤਫਤੀਸ਼ਕਾਰ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਦੋਸ਼ੀਆਂ ਦੀ ਪਛਾਣ ਹੋ ਸਕਦੀ ਹੈ ਤਾਂ ਹੱਲ ਖੋਜਿਆ ਜਾਵੇਗਾ। ਅਪਰਾਧ ਤੇ ਉਸ ਵਿੱਚ ਸ਼ਾਮਲ ਵਿਅਕਤੀਆਂ ਦੇ ਅਧਾਰ ਤੇ ਇਹ ਫੌਜਦਾਰੀ ਦੋਸ਼ ਲਾਉਣ ਤੋਂ ਲੈਕੇ ਸਮਝੌਤਾ ਕਰਾਉਣ ਤਕ ਹੋ ਸਕਦਾ ਹੈ।

## ਕੀ ਮੈਂ ਪੁਲੀਸ ਤੇ ਭਰੋਸਾ ਕਰ ਸਕਦਾ ਹਾਂ?

ਪੁਲੀਸ ਅਧਿਕਾਰੀ ਤੇ ਗੈਰ-ਪੁਲੀਸ ਕਾਲ ਲੈਣ ਵਾਲੇ ਪੇਸ਼ੇਵਰ ਹੁੰਦੇ ਹਨ। ਤੁਹਾਡੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ। ਅਧਿਕਾਰੀ ਤੇ ਗੈਰ-ਪੁਲੀਸ ਕਰਮੀ ਸ਼ਿਕਾਰ ਵਿਅਕਤੀਆਂ ਦੇ ਮੁੱਦਿਆਂ ਬਾਰੇ ਸਿਖਲਾਈ ਹਾਸਲ ਕਰਦੇ ਹਨ ਇਸ ਕਰਕੇ ਉਹ ਤੁਹਾਡੀ ਮੱਦਦ ਕਰ ਸਕਦੇ ਹਨ।

## ਕੀ ਮੇਰੀ ਰਿਪੋਰਟ ਗੁਪਤ ਰੱਖੀ ਜਾ ਸਕਦੀ ਹੈ?

ਜਾਣਕਾਰੀ ਦੀ ਸੁਤੰਤਰਤਾ ਦੇ ਕਨੂੰਨਾਂ ਹੇਠ, ਪੁਲੀਸ ਦੁਆਰਾ ਇਕੱਤਰ ਕੀਤੀ ਜਾਣਕਾਰੀ ਸੁਰੱਖਿਅਤ ਹੈ — ਤੁਹਾਡੀ ਰੀਪੋਰਟ ਗੁਪਤ ਹੈ। ਜੇ ਦੋਸ਼ ਲਾਏ ਜਾਂਦੇ ਹਨ ਤਾਂ ਕੁਝ ਜਾਣਕਾਰੀ ਆਮ ਬਣ ਜਾਂਦੀ ਹੈ। ਫਿਰ ਵੀ, ਤਫਤੀਸ਼ਕਾਰ ਤੁਹਾਡੀਆਂ ਚਿੰਤਾਵਾਂ ਤੇ ਵਿਚਾਰ ਕਰ ਸਕਦਾ ਹੈ ਤੇ ਤੁਹਾਡੀ ਗੁਪਤਤਾ ਦੀ ਜ਼ਰੂਰਤ ਨੂੰ ਸੰਤੁਲਤ ਰਖਦਿਆਂ ਹੋਇਆਂ, ਹੱਲ ਨਾਲ ਸਬੰਧਤ ਵਿਕਲਪ ਖੋਜ ਸਕਦਾ ਹੈ।

